StartingBlocks.gov.au

# ਮੁਲਾਂਕਣ ਅਤੇ ਦਰਜੇਬੰਦੀ ਪ੍ਰਕਿਰਿਆ ਲਈ ਸੰਖੇਪ ਸੇਧ

ਇਸ ਜਾਣਕਾਰੀ ਸ਼ੀਟ ਵਿੱਚ ਪ੍ਰਵਾਨਿਤ ਸਿੱਖਿਆ ਅਤੇ ਸੰਭਾਲ ਸੇਵਾਵਾਂ ਲਈ ਮੁਲਾਂਕਣ ਅਤੇ ਰੇਟਿੰਗ ਪ੍ਰਕਿਰਿਆ ਦੀ ਸੰਖੇਪ ਜਾਣਕਾਰੀ ਦਿੱਤੀ ਗਈ ਹੈ, ਅਤੇ ਇਸ ਵਿੱਚ ਕੁੱਝ ਆਮ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਪ੍ਰਦਾਨ ਕੀਤੇ ਗਏ ਹਨ।

## ਰੇਟਿੰਗ ਲਈ ਕਿਹੜੇ ਮਾਪਦੰਡ ਹਨ?

ਨੈਸ਼ਨਲ ਕੁਆਲਟੀ ਸਟੈਂਡਰਡ (National Quality Standard) (NQS) ਲਈ ਆਰੰਭਿਕ ਬਚਪਨ ਦੀ ਸਿੱਖਿਆ ਅਤੇ ਸੰਭਾਲ ਸੇਵਾਵਾਂ ਦਾ ਇਹਨਾਂ ਮੰਤਵਾਂ ਲਈ ਮੁਲਾਂਕਣ ਕੀਤਾ ਜਾਂਦਾ ਹੈ, ਅਤੇ ਦਰਜਾਬੰਦੀ ਕੀਤੀ ਜਾਂਦੀ ਹੈ:

- ਗੁਣਵੱਤਾ ਭਰਪੂਰ ਸਿੱਖਿਆ ਅਤੇ ਸੰਭਾਲ ਦੀ ਵਿਵਸਥਾ ਵਿੱਚ ਲਗਾਤਾਰ ਸੁਧਾਰ ਨੂੰ ਉਤਸ਼ਾਹਤ ਕਰਨਾ
- ਪਰਿਵਾਰਾਂ ਨੂੰ ਉਹਨਾਂ ਦੇ ਬੱਚੇ ਦੀ ਸਿੱਖਿਆ ਅਤੇ ਸੰਭਾਲ ਬਾਰੇ ਸੂਚਿਤ ਫੈਸਲੇ ਲੈਣ ਵਿੱਚ ਮਦਦ ਲਈ ਸੇਵਾਵਾਂ ਦੀ ਗੁਣਵੱਤਾ ਬਾਰੇ ਗਿਆਨ ਅਤੇ ਪਹੁੰਚ ਵਿੱਚ ਸੁਧਾਰ ਕਰਨਾ।

NQS, ਨੈਸ਼ਨਲ ਰੈਗੂਲੇਸ਼ਨਾਂ (National Regulations) ਦਾ ਇੱਕ ਹਿੱਸਾ ਹੈ ਅਤੇ ਇਸ ਵਿੱਚ 7 ਗੁਣਵੱਤਾ ਖੇਤਰ ਸ਼ਾਮਲ ਹਨ, ਜੋ ਬੱਚਿਆਂ ਦੇ ਸਿਖਲਾਈ ਅਤੇ ਵਿਕਾਸ ਸਬੰਧੀ ਨਤੀਜਿਆਂ ਲਈ ਮਹੱਤਵਪੂਰਣ ਹਨ।

**1** ਸਿੱਖਿਆ ਪ੍ਰੋਗਰਾਮ ਅਤੇ ਅਭਿਆਸ

**2** ਬੱਚਿਆਂ ਦੀ ਸਿਹਤ ਅਤੇ ਸੁਰੱਖਿਆ

**3** ਭੌਤਿਕ ਵਾਤਾਵਰਣ

**4** ਕਰਮਚਾਰੀਆਂ ਦੀਆਂ ਵਿਵਸਥਾਵਾਂ

**5** ਬੱਚਿਆਂ ਨਾਲ ਸਬੰਧ

**6** ਪਰਿਵਾਰਾਂ ਅਤੇ ਭਾਈਵਾਲਾਂ ਨਾਲ ਸਹਿਯੋਗੀ ਸਾਂਝੇਦਾਰੀਆਂ

**7** ਪ੍ਰਬੰਧਣ ਅਤੇ ਅਗਵਾਈ

## ਗੁਣਵੱਤਾ ਭਰਪੂਰ ਦਰਜੇ (ਰੇਟਿੰਗਾਂ) ਕੀ ਹਨ?

ਕਿਸੇ ਸੇਵਾ ਨੂੰ ਪੰਜ ਗੁਣਵੱਤਾ ਭਰਪੂਰ ਰੇਟਿੰਗਾਂ ਦਿੱਤੀਆਂ ਜਾ ਸਕਦੀਆਂ ਹਨ:

ਸੇਵਾ ਨੂੰ ਆਸਟ੍ਰੇਲੀਆਈ ਬਾਲ ਸਿੱਖਿਆ ਅਤੇ ਸੰਭਾਲ ਗੁਣਵੱਤਾ ਅਥਾਰਟੀ (Australian Children's Education & Care Quality Authority) (ACECQA) ਲਈ ਬੇਨਤੀ ਕਰਨੀ ਚਾਹੀਦੀ ਹੈ, ਜਿਸਦਾ ਇੱਕ ਹਿੱਸਾ ਆਰੰਭਿਕ ਬਲਾਕ (Starting Blocks) ਹਨ, ਜਿਹਨਾਂ ਨੂੰ ਸਰਬੋਤਮ ਰੇਟਿੰਗ ਦਿੱਤੀ ਜਾਵੇਗੀ।

ਇਹ ਸੇਵਾ **ਬੇਮਿਸਾਲ** ਸਿੱਖਿਆ ਅਤੇ ਸੰਭਾਲ ਨੂੰ ਉਤਸ਼ਾਹਤ ਕਰਦੀ ਹੈ, ਸੈਕਟਰ ਵਿੱਚ ਅਗਵਾਈ ਵਿਖਾਉਂਦੀ ਹੈ, ਅਤੇ ਲਗਾਤਾਰ ਸੁਧਾਰ ਲਈ ਵਚਨਬੱਧ ਹੈ।

Rated EXCELLENT by ACECQA

ਇਹ ਸੇਵਾ ਗੁਣਵੱਤਾ ਭਰਪੂਰ ਸੱਤ ਖੇਤਰਾਂ ਵਿੱਚੋਂ ਘੱਟੋ-ਘੱਟ ਚਾਰ ਵਿੱਚ ਨੈਸ਼ਨਲ ਕੁਅਲਿਟੀ ਸਟੈਂਡਰਡ ਕੁਅਲਿਟੀ ਸਟੈਂਡਰਡ (National Quality Standard) ਦੀਆਂ ਲੋੜਾਂ ਤੋਂ ਵੱਧ ਕੇ ਸਾਹਮਣੇ ਆਉਂਦੀ ਹੈ।

RATED EXCEEDING NATIONAL QUALITY STANDARD

ਇਹ ਸੇਵਾ ਨੈਸ਼ਨਲ ਕੁਅਲਿਟੀ ਸਟੈਂਡਰਡ (National Quality Standard) **ਦੀ ਪੂਰਤੀ ਕਰਦੀ ਹੈ।** ਇਹ ਸੇਵਾ ਗੁਣਵੱਤਾ ਭਰਪੂਰ ਸਾਰੇ ਸੱਤ ਖੇਤਰਾਂ ਵਿੱਚ ਗੁਣਵੱਤਾ ਭਰਪੂਰ ਸਿੱਖਿਆ ਅਤੇ ਸੰਭਾਲ ਪ੍ਰਦਾਨ ਕਰਦੀ ਹੈ।

RATED MEETING NATIONAL QUALITY STANDARD

ਇਹ ਸੇਵਾ ਇੱਕ **ਸੁਰੱਖਿਅਤ** ਸਿੱਖਿਆ ਅਤੇ ਸੰਭਾਲ ਪ੍ਰੋਗਰਾਮ ਪ੍ਰਦਾਨ ਕਰਦੀ ਹੈ, ਪ੍ਰੰਤੂ ਇੱਕ ਜਾਂ ਵੱਧ ਸੁਧਾਰ ਯੋਗ ਖੇਤਰ ਦੇਖੇ ਗਏ ਹਨ।

RATED WORKING TOWARDS NATIONAL QUALITY STANDARD

ਬੱਚਿਆਂ ਦੀ ਸੁਰੱਖਿਆ, ਸਿਹਤ ਅਤੇ ਭਲਾਈ ਲਈ ਇੱਕ ਵੱਡਾ ਖਤਰਾ ਦੇਖਿਆ ਗਿਆ ਹੈ। ਮਸਲਿਆਂ ਨੂੰ ਹੱਲ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇਗੀ।

ਜ਼ਿਕਰਯੋਗ ਸੁਧਾਰ ਦੀ ਲੋੜ ਹੈ (SIGNIFICANT IMPROVEMENT REQUIRED)

StartingBlocks.gov.au

## ਸੇਵਾਵਾਂ ਨੂੰ ਦਰਜਾਬੰਦੀ ਕੌਣ ਦਿੰਦਾ ਹੈ?

NQS ਲਈ ਰਾਜ ਜਾਂ ਖੇਤਰੀ ਰੈਗੂਲੇਟਰੀ ਅਥਾਰਟੀ (state or territory regulatory authority) ਦੁਆਰਾ ਸੇਵਾਵਾਂ ਦਾ ਮੁਲਾਂਕਣ ਅਤੇ ਦਰਜਾ ਦਿੱਤਾ ਜਾਂਦਾ ਹੈ ਅਤੇ ਇਹਨਾਂ ਨਤੀਜਿਆਂ ਦੇ ਅਧਾਰ 'ਤੇ ਸੱਤ ਗੁਣਵੱਤਾ ਖੇਤਰਾਂ ਵਿੱਚੋਂ ਹਰ ਇੱਕ ਲਈ ਦਰਜੇਬੰਦੀ ਅਤੇ ਸਮੁੱਚੀ ਦਰਜੇਬੰਦੀ ਕੀਤੀ ਜਾਂਦੀ ਹੈ।

ਇਹਨਾਂ ਗੁਣਵੱਤਾ ਦਰਜਿਆਂ ਨੂੰ ACECQA ਵੈੱਬਸਾਈਟ (acecqa.gov.au) ਅਤੇ ਆਰੰਭਿਕ ਬਲਾਕ (Starting Blocks) ਵੈੱਬਸਾਈਟ (startingblocks.gov.au) 'ਤੇ ਰਾਸ਼ਟਰੀ ਰਜਿਸਟਰਾਂ 'ਤੇ ਪ੍ਰਕਾਸ਼ਤ ਕੀਤਾ ਜਾਂਦਾ ਹੈ।

## ਕਿਸੇ ਸੇਵਾ ਦੇ ਜਿਕਰਯੋਗ ਸੁਧਾਰ ਦੀ ਲੋੜ (Significant Improvement Required) ਵਜੋਂ ਦਰਜੇਬੰਦੀ ਕੀਤੇ ਜਾਣ ਦਾ ਕੀ ਅਰਥ ਹੈ?

ਜੇ ਕਿਸੇ ਸੇਵਾ ਦੇ ਜਿਕਰਯੋਗ ਸੁਧਾਰ ਦੀ ਲੋੜ (Significant Improvement Required) ਵਜੋਂ ਰੇਟਿੰਗ ਕੀਤੀ ਜਾਂਦੀ ਹੈ, ਤਾਂ ਰੈਗੂਲੇਟਰੀ ਅਥਾਰਟੀ (regulatory authority) ਨੇ ਇਹ ਨਿਰਧਾਰਤ ਕੀਤਾ ਹੈ, ਕਿ ਬੱਚਿਆਂ ਦੀ ਸੁਰੱਖਿਆ, ਸਿਹਤ ਅਤੇ ਭਲਾਈ ਸਬੰਧੀ ਖਤਰੇ ਮੌਜੂਦ ਹਨ। ਮਨਜ਼ੂਰਸ਼ੁਦਾ ਪ੍ਰਦਾਤਾ ਨੂੰ ਇਹਨਾਂ ਖਤਰਿਆਂ ਨੂੰ ਦੂਰ ਕਰਨ ਲਈ ਤੁਰੰਤ ਕਾਰਵਾਈ ਕਰਨ ਦੀ ਲੋੜ ਹੈ, ਅਤੇ RA ਇਹ ਸੁਧਾਰ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ ਇਸ ਸੇਵਾ ਦੀ ਧਿਆਨ ਨਾਲ ਨਿਗਰਾਨੀ ਕਰੇਗੀ।

## ਲਗਾਤਾਰ ਸੁਧਾਰ

ਨਵੀਂਆਂ ਸੇਵਾਵਾਂ ਦੁਆਰਾ ਮਾਪਦੰਡਾਂ ਵਿੱਚ ਲੋੜੀਂਦੇ ਤੱਤਾਂ (element required in the standards) ਦੀ ਪੂਰਤੀ ਕਰਨ ਵਿੱਚ ਕੁੱਝ ਸਮਾਂ ਲੱਗ ਸਕਦਾ ਹੈ, ਜਿਸਦੇ ਨਤੀਜੇ ਵਜੋਂ NQS ਲਈ ਕੰਮ ਕੀਤਾ ਜਾ ਰਿਹਾ ਹੈ ਜਾਂ NQS ਰੇਟਿੰਗ ਪੂਰਾ ਕੀਤੀ ਜਾ ਸਕਦੀ ਹੈ। ਗੁਣਵੱਤਾ ਹਾਸਲ ਕਰਨ ਲਈ ਤੁਹਾਡੇ ਬੱਚੇ ਦੀ ਸੇਵਾ ਦੁਆਰਾ ਕੀਤੀ ਜਾ ਰਹੀ ਕੋਸ਼ਿਸ਼ ਬਾਰੇ ਵਧੇਰੇ ਜਾਣਕਾਰੀ ਲਈ, ਤੁਸੀਂ ਸੇਵਾ ਨੂੰ ਇਸ ਦੀ ਗੁਣਵੱਤਾ ਸੁਧਾਰ ਯੋਜਨਾ (Quality Improvement Plan) (QIP) ਦੇਖਣ ਲਈ ਕਹਿ ਸਕਦੇ ਹੋ।

QIP ਇੱਕ ਦਸਤਾਵੇਜ਼ ਹੈ ਜੋ NQS ਅਤੇ ਨੈਸ਼ਨਲ ਰੈਗੂਲੇਸ਼ਨਾਂ (National Regulations) ਦੇ ਪ੍ਰਤੀ ਸੇਵਾਵਾਂ ਦੇ ਆਪਣੇ ਅਭਿਆਸਾਂ ਦੀ ਗੁਣਵੱਤਾ ਦੇ ਸਵੈ-ਮੁਲਾਂਕਣ ਦਰਜ ਕਰਦਾ ਹੈ। ਇਹ ਸੁਧਾਰ ਕਰਨ ਯੋਗ ਖੇਤਰਾਂ ਬਾਰੇ ਪਤਾ ਲਗਾਉਂਦਾ ਹੈ, ਅਤੇ ਇਸ ਵਿੱਚ ਉਨ੍ਹਾਂ ਦੇ ਵਿਚਾਰ ਦਾ ਬਿਆਨ ਸ਼ਾਮਲ ਹੁੰਦਾ ਹੈ। ਸਿੱਖਿਅਕ, ਬੱਚੇ, ਪਰਿਵਾਰ ਅਤੇ ਭਾਈਚਾਰੇ ਸਭ ਨੂੰ ਸੇਵਾ ਦੇ QIP ਦੇ ਵਿਕਾਸ ਅਤੇ ਸੰਭਾਲ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।

## ਬਿਨ੍ਹਾ ਰੇਟਿੰਗ ਵਾਲੀ ਸੇਵਾਵਾਂ ਕਿਉਂ ਚੱਲ ਰਹੀਆਂ ਹਨ?

ਜਿਹਨਾਂ ਸੇਵਾਵਾਂ ਦਾ ਮੁਲਾਂਕਣ ਅਤੇ ਰੇਟਿੰਗ ਨਹੀਂ ਹੋਈ ਹੈ ਉਹਨਾਂ ਦੀ "ਆਰਜ਼ੀ-ਅਜੇ ਤੱਕ ਮੁਲਾਂਕਣ ਨਹੀਂ ਕੀਤਾ ਗਿਆ (Provisional-Not Yet Assessed)" ਵਜੋਂ ਰੇਟਿੰਗ ਹੁੰਦੀ ਹੈ।

ਸਿੱਖਿਆ ਅਤੇ ਸੰਭਾਲ ਸੇਵਾਵਾਂ ਨੂੰ ਨੈਸ਼ਨਲ ਕੁਆਲਿਟੀ ਫਰੇਮਵਰਕ (National Quality Framework) (NQF) ਦੇ ਅਧੀਨ ਮਨਜ਼ੂਰ ਅਤੇ ਚਲਾਉਣ ਲਈ ਕਈ ਪ੍ਰਕਿਰਿਆਵਾਂ ਅਤੇ ਪ੍ਰਵਾਨਗੀਆਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਉਨ੍ਹਾਂ ਦੇ ਮੁਲਾਂਕਣ ਅਤੇ ਰੇਟਿੰਗ ਤੋਂ ਪਹਿਲਾਂ ਗੁਣਵੱਤਾ ਅਤੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਦਾ ਇੱਕ ਤਰੀਕਾ ਇਹ ਵੀ ਹੈ।

ਇਹ ਸੇਵਾ RA ਦੁਆਰਾ ਮੁਲਾਂਕਣ ਅਤੇ ਦਰਜੇਬੰਦੀ ਕੀਤੇ ਜਾਣ 'ਤੇ ਇੱਕ ਰੇਟਿੰਗ ਪ੍ਰਾਪਤ ਕਰੇਗੀ।

ਜੇ ਤੁਸੀਂ ਸੇਵਾ ਦੇ ਮੁਲਾਂਕਣ ਅਤੇ ਰੇਟਿੰਗ ਕਰਨ ਦੇ ਸਮੇਂ ਬਾਰੇ ਜਾਣਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸੇਵਾ ਨਾਲ ਸਿੱਧਾ ਸੰਪਰਕ ਕਰੋ। ਇਸ ਮੁਲਾਂਕਣ ਅਤੇ ਰੇਟਿੰਗ ਲਈ ਜ਼ੁੰਮੇਵਾਰ ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਦੀ RA ਵੀ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦੀ ਹੈ।

ਤੁਸੀਂ ਇਸ ਸੇਵਾ ਤੋਂ ਉਹਨਾਂ ਦੇ QIP ਅਤੇ ਪਰਿਵਾਰਕ ਕਿਤਾਬਚੇ ਦੀ ਮੰਗ ਵੀ ਕਰ ਸਕਦੇ ਹੋ। ਇਹ ਤੁਹਾਨੂੰ ਸੇਵਾ ਦੀ ਖੂਬੀਆਂ ਦਾ ਵਧੇਰੇ ਵਿਸਥਾਰ ਨਾਲ ਮੁਲਾਂਕਣ ਕਰਨ ਵਿੱਚ ਮਦਦ ਕਰੇਗੀ, ਅਤੇ ਸੇਵਾ ਵਿੱਚ ਉਹਨਾਂ ਮਾਪਦੰਡਾਂ ਬਾਰੇ ਪਤਾ ਲਗਾਉਣ ਵਿੱਚ ਵੀ ਮਦਦ ਕਰੇਗੀ ਜਿਹਨਾਂ ਦੀ ਤੁਹਾਨੂੰ ਤਲਾਸ਼ ਹੈ।

## ਸੇਵਾਵਾਂ ਦਾ ਮੁਲਾਂਕਣ ਅਤੇ ਦਰਜੇਬੰਦੀ ਅਕਸਰ ਕਿੰਨੀ ਵਾਰ ਕੀਤੀ ਜਾਂਦੀ ਹੈ?

ਜਦੋਂ ਰੈਗੂਲੇਟਰੀ ਅਥਾਰਟੀਆਂ (regulatory authorities) ਗੁਣਵੱਤਾ ਰੇਟਿੰਗ ਮੁਲਾਂਕਣ ਤਹਿ ਕਰਦੀਆਂ ਹਨ, ਤਾਂ ਟੀਚਾ, ਸੇਵਾਵਾਂ ਦੀ ਗੁਣਵੱਤਾ ਦਾ ਮੁਲਾਂਕਣ ਅਤੇ ਰੇਟਿੰਗ ਕਰਨਾ, ਲਗਾਤਾਰ ਸੁਧਾਰ ਕਰਨਾ ਅਤੇ ਪਰਿਵਾਰਾਂ ਅਤੇ ਭਾਈਚਾਰਿਆਂ ਲਈ ਜਾਣਕਾਰੀ ਨੂੰ ਸਹੀ ਅਤੇ ਤਾਜ਼ਾ ਜਾਣਕਾਰੀ ਵਾਲਾ ਰੱਖਣਾ ਹੁੰਦਾ ਹੈ।

ਸੇਵਾ ਵਿੱਚ ਸੁਧਾਰ ਲਈ ਸੱਭ ਤੋਂ ਵੱਧ ਲੋੜੀਂਦੀਆਂ ਸੇਵਾਵਾਂ ਅਤੇ ਸਰੋਤਾਂ ਵੱਲ ਧਿਆਨ ਦੇਣ ਲਈ, ਕਿ RA ਦੀਆਂ ਕਾਰਵਾਈਆਂ ਜਵਾਬਦੇਹ ਅਤੇ ਜੋਖਮ-ਅਧਾਰਤ ਹਨ। ਘੱਟ ਗੁਣਵੱਤਾ ਰੇਟਿੰਗ ਵਾਲੀ ਸੇਵਾਵਾਂ ਦੀ ਵਾਰ-ਵਾਰ ਰੇਟਿੰਗ ਕੀਤੀ ਜਾਵੇਗੀ। ਉੱਚ ਗੁਣਵੱਤਾ ਰੇਟਿੰਗ ਵਾਲੀ ਸੇਵਾਵਾਂ ਦਾ ਆਮ ਤੌਰ 'ਤੇ NQS ਦੀ ਪੂਰਤੀ ਕਰਨ ਦੀ ਯੋਗਤਾ ਪਤਾ ਲਗਾਉਣ ਲਈ ਮੁਲਾਂਕਣ ਅਤੇ ਰੇਟਿੰਗ ਦੇ ਵਿੱਚਕਾਰ ਇੱਕ ਲੰਬਾ ਸਮਾਂ ਹੁੰਦਾ ਹੈ।

StartingBlocks.gov.au

ਮੁਲਾਕਾਤਾਂ ਦੇ ਮੁਲਾਂਕਣ ਦੇ ਪ੍ਰਬੰਧਨ ਅਤੇ ਰੇਟਿੰਗ ਕਰਨ ਦੌਰਾਨ RA's ਹੇਠਾਂ ਦਿੱਤੇ ਕਾਰਕਾਂ 'ਤੇ ਵਿਚਾਰ ਕਰਦੀਆਂ ਹਨ:

- ਗੁਣਵੱਤਾ ਖੇਤਰਾਂ, ਮਿਆਰਾਂ ਅਤੇ ਆਰੰਭਿਕ ਪੱਧਰ 'ਤੇ ਨਤੀਜਿਆਂ ਸਮੇਤ ਸੇਵਾ ਦੀ ਪਿਛਲੀ ਗੁਣਵੱਤਾ ਰੇਟਿੰਗ।
- ਸੇਵਾ ਦੀ ਵਿਸ਼ੇਸ਼ਤਾਵਾਂ ਵਿੱਚ ਬਦਲਾਅ ਜਿਸਨੂੰ ਸੇਵਾ ਦੀ ਗੁਣਵੱਤਾ ਨੂੰ ਪ੍ਰਭਾਵਤ ਕਰਨ ਵਾਲਾ ਮੰਨਿਆ ਜਾ ਸਕਦਾ ਹੈ - ਉਦਾਹਰਣ ਲਈ, ਮਨਜ਼ੂਰਸ਼ੁਦਾ ਪ੍ਰਦਾਤਾ ਜਾਂ ਸੇਵਾ ਦੀ ਪ੍ਰਬੰਧਨ ਟੀਮ ਵਿੱਚ ਬਦਲਾਅ।
- ਸੇਵਾ ਵਿੱਚ ਵਾਪਰਨ ਵਾਲੀਆਂ ਘਟਨਾਵਾਂ - ਉਦਾਹਰਣ ਲਈ, ਗੰਭੀਰ ਘਟਨਾਵਾਂ, ਸ਼ਿਕਾਇਤਾਂ ਜਾਂ ਰਾਸ਼ਟਰੀ ਕਾਨੂੰਨ (National Law) ਦੀ ਪਾਲਣਾ ਨਾ ਕਰਨਾ, ਗੁਣਵੱਤਾ ਵਿੱਚ ਬਦਲਾਅ ਅਤੇ ਜਲਦੀ ਰੇਟਿੰਗ ਕਰਨ ਦੀ ਪਹਿਲ ਦਾ ਸੰਕੇਤ ਦੇ ਸਕਦੀਆਂ ਹਨ।
- ਪਿਛਲੇ ਮੁਲਾਂਕਣ ਤੋਂ ਬਾਅਦ ਗੁਜ਼ਰਿਆ ਸਮਾਂ - ਉਦਾਹਰਣ ਲਈ, ਸਮੇਂ ਦੇ ਨਾਲ ਇੱਕ ਗੁਣਵੱਤਾ ਰੇਟਿੰਗ ਪਰਿਵਾਰਾਂ ਲਈ ਆਪਣੀਆਂ ਕਦਰਾਂ ਅਤੇ ਕੀਮਤਾਂ ਗੁਆ ਸਕਦੀ ਹੈ।

ਹਰ RA ਆਪਣੇ ਮੁਲਾਂਕਣ ਕਾਰਜਕ੍ਰਮ ਨੂੰ ਇੱਕ ਜਵਾਬਦੇਹ ਢੰਗ ਨਾਲ ਪ੍ਰਬੰਧਤ ਕਰਦਾ ਹੈ, ਨਵੀਂ ਜਾਣਕਾਰੀ ਮਿਲਣ 'ਤੇ ਤਬਦੀਲੀਆਂ ਕਰਦਾ ਹੈ ਅਤੇ ਆਪਣੇ ਉਪਲਬਧ ਸਰੋਤਾਂ ਦੀ ਸਰਬੋਤਮ ਵਰਤੋਂ ਕਰਦਾ ਹੈ।

ਰੈਗੂਲੇਟਰੀ ਅਥਾਰਟੀ (regulatory authority) ਨੂੰ ਕਿਸੇ ਸੇਵਾ ਦਾ ਮੁਲਾਂਕਣ ਅਤੇ ਰੇਟਿੰਗ ਕਰਨ ਲਈ ਆਮ ਤੌਰ ਤੇ 10 ਹਫਤੇ ਲੱਗ ਜਾਂਦੇ ਹਨ। ਪਰਿਵਾਰਾਂ ਨੂੰ ਰੇਟਿੰਗ ਰਿਪੋਰਟ ਜਾਂ ਰੇਟਿੰਗ ਸਰਟੀਫਿਕੇਟ ਉਪਲਬਧ ਕਰਵਾਏ ਜਾਣੇ ਚਾਹੀਦੇ ਹਨ।

## RAs ਇਹ ਕਿਵੇਂ ਇਹ ਯਕੀਨੀ ਬਣਾਉਂਦੀਆਂ ਹਨ ਕਿ ਸੇਵਾਵਾਂ ਆਪਣੀ ਰੇਟਿੰਗ ਪ੍ਰਾਪਤ ਕਰਨ ਤੋਂ ਬਾਅਦ ਗੁਣਵੱਤਾ ਪ੍ਰਦਾਨ ਕਰਨਾ ਜਾਰੀ ਰੱਖਦੀਆਂ ਹਨ?

RAs ਮੁਲਾਂਕਣ ਅਤੇ ਰੇਟਿੰਗ ਮੁਲਾਕਾਤਾਂ ਤੋਂ ਇਲਾਵਾ ਸੇਵਾਵਾਂ ਲਈ ਨਿਰਧਾਰਤ ਅਤੇ ਗੈਰ ਨਿਰਧਾਰਤ ਫੇਰੀਆਂ ਪਾਉਂਦੀਆਂ ਹਨ। ਸੇਵਾ ਦਾ ਰਾਸ਼ਟਰੀ ਕਾਨੂੰਨ ਹੇਠ ਸੰਚਾਲਨ ਯਕੀਨੀ ਬਣਾਉਣ ਲਈ ਇਹਨਾਂ ਵਿੱਚ ਨਿਗਰਾਨੀ, ਮੌਕੇ ਤੇ ਜਾਂਚ ਅਤੇ ਨਿਯਮਾਂ ਦੀਆਂ ਪਾਲਣਾ ਵਾਲੀਆਂ ਫੇਰੀਆਂ ਸ਼ਾਮਲ ਹਨ।

## ਮੁਲਾਂਕਣ ਅਤੇ ਰੇਟਿੰਗ ਪ੍ਰਕਿਰਿਆ ਦੇ ਕਦਮਾਂ ਦਾ ਸਾਰ

### ਸਵੈ-ਮੁਲਾਂਕਣ ਅਤੇ ਗੁਣਵੱਤਾ ਵਿੱਚ ਸੁਧਾਰ

ਮਨਜ਼ੂਰਸ਼ੁਦਾ ਪ੍ਰਦਾਤਾ, NQS ਅਤੇ ਜੁੜੀਆਂ ਰੈਗੂਲੇਟਰੀ ਲੋੜਾਂ ਦੇ ਪ੍ਰਤੀ ਮੌਜੂਦਾ ਅਭਿਆਸਾਂ ਦੀ ਗੁਣਵੱਤਾ ਨਿਰਧਾਰਤ ਕਰਨ ਲਈ ਸਵੈ-ਮੁਲਾਂਕਣ ਕਰਦਾ ਹੈ।

ਮਨਜ਼ੂਰਸ਼ੁਦਾ ਪ੍ਰਦਾਤਾ ਤਾਕਤਾਂ ਅਤੇ ਜਿੱਥੇ ਸੁਧਾਰ ਕੀਤਾ ਜਾ ਸਕਦਾ ਹੈ, ਉਹਨਾਂ ਚੀਜ਼ਾਂ ਬਾਰੇ ਪਤਾ ਲਗਾਉਂਦਾ ਹੈ, ਜਿਹਨਾਂ ਨੂੰ ਗੁਣਵੱਤਾ ਸੁਧਾਰ ਯੋਜਨਾ (Quality Improvement Plan) (QIP) ਵਿੱਚ ਦਰਜ ਕੀਤਾ ਜਾਂਦਾ ਹੈ।

### ਫੇਰੀ ਪਾਉਣ ਲਈ ਨੋਟਿਸ

ਰੈਗੂਲੇਟਰੀ ਅਥਾਰਟੀ (Regulatory authority) ਮਨਜ਼ੂਰਸ਼ੁਦਾ ਪ੍ਰਦਾਤਾ ਨੂੰ ਲਿਖਤੀ ਨੋਟਿਸ ਦਿੰਦੀ ਹੈ, ਕਿ ਮੁਲਾਂਕਣ ਅਤੇ ਰੇਟਿੰਗ ਪ੍ਰਕਿਰਿਆ ਆਰੰਭ ਹੋਈ ਹੈ। ਫੇਰੀ ਪਾਉਣ ਤੋਂ ਪਹਿਲਾਂ ਰੈਗੂਲੇਟਰੀ ਅਥਾਰਟੀ (Regulatory authority) ਨੂੰ ਇਸ ਦੁਆਰਾ ਮੰਗੀ ਗਈ ਜਾਣਕਾਰੀ ਦੇ ਨਾਲ-ਨਾਲ QIP ਪੇਸ਼ ਕੀਤਾ ਜਾਂਦਾ ਹੈ।

### ਮੁਲਾਂਕਣ ਅਤੇ ਰੇਟਿੰਗ ਵਾਲੀ ਮੁਲਾਕਾਤ ਸੇਵਾ ਵਿੱਚ ਹੁੰਦੀ ਹੈ।

### ਰਿਪੋਰਟ ਦਾ ਖਰੜਾ

ਰੈਗੂਲੇਟਰੀ ਅਥਾਰਟੀ (Regulatory authority) ਮਨਜ਼ੂਰਸ਼ੁਦਾ ਪ੍ਰਦਾਤਾ ਨੂੰ ਮੁਲਾਂਕਣ ਅਤੇ ਰੇਟਿੰਗ ਰਿਪੋਰਟ ਦਾ ਖਰੜਾ ਪ੍ਰਦਾਨ ਕਰਦੀ ਹੈ।

### ਰਿਪੋਰਟ ਦੇ ਖਰੜੇ ਬਾਰੇ ਸੁਝਾਅ

ਪ੍ਰਦਾਤਾ ਰਿਪੋਰਟ ਵਿੱਚਲੀਆਂ ਕਿਸੇ ਗਲਤੀਆਂ ਬਾਰੇ ਸੁਝਾਅ (ਫੀਡਬੈਕ) ਦੇ ਸਕਦਾ ਹੈ ਅਤੇ ਇਹਨਾਂ ਸੁਝਾਵਾਂ ਦਾ ਸਮਰਥਨ ਕਰਨ ਲਈ ਸਬੂਤ ਦੇ ਸਕਦਾ ਹੈ।

### ਪ੍ਰਦਾਤਾ ਨੂੰ ਅੰਤਮ ਰੇਟਿੰਗਾਂ ਦੀ ਅੰਤਮ ਰਿਪੋਰਟ ਅਤੇ ਨੋਟਿਸ ਜਾਰੀ ਕੀਤਾ ਜਾਂਦਾ ਹੈ

ਅੰਤਮ ਰਿਪੋਰਟ ਨੂੰ ਤੈਅ ਅਤੇ ਜਾਰੀ ਕਰਨ ਤੋਂ ਪਹਿਲਾਂ ਸੁਝਾਵਾਂ 'ਤੇ ਵਿਚਾਰ ਕੀਤਾ ਜਾਂਦਾ ਹੈ।

### ਅੰਤਮ ਰਿਪੋਰਟ

ਮਨਜ਼ੂਰਸ਼ੁਦਾ ਪ੍ਰਦਾਤਾ ਨਿਰਧਾਰਤ ਸਮੀਖਿਆ ਮਿਆਦ ਦੇ ਅੰਦਰ, ਅੰਤਮ ਰੇਟਿੰਗ ਦੀ ਸਮੀਖਿਆ ਲਈ ਮੰਗ ਕਰ ਸਕਦਾ ਹੈ।

### ਨੈਸ਼ਨਲ ਰਜਿਸਟਰਾਂ ਵਿੱਚ ਪ੍ਰਕਾਸ਼ਤ ਰੇਟਿੰਗਾਂ

ਸਮੀਖਿਆ ਦੀ ਮਿਆਦ ਖਤਮ ਹੋ ਜਾਣ 'ਤੇ, ਅੰਤਮ ਰੇਟਿੰਗਾਂ ACECQA ਦੀ ਵੈੱਬਸਾਈਟ 'ਤੇ ਨੈਸ਼ਨਲ ਰਜਿਸਟਰਾਂ ਵਿੱਚ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ।